# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ, ਫੇਜ-8 ਐਸ ਏ ਐਸ ਨਗਰ

ਸਿੱਖਿਆ ਭਵਨ, ਕੰਪ :-ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਬਲਾਕ -ਈ, ਚੌਥੀ ਮੰਜਿਲ, ਫੇਜ-8 ਐਸ.ਏ ਐਸ ਨਗਰ

ਅਮਲਾ-3 ਸਾਖਾ

ਹੁਕਮ ਨੰ :-10/08-18 ਅਮਲਾ3(1)
ਮਿਤੀ ਐਸ.ਏ ਐਸ ਨਗਰ:-09-05-2018

ਸ੍ਰੀ ਹਰਜਿੰਦਰ ਸਿੰਘ ਗਿੱਲ, ਸਸ ਮਾਸਟਰ, ਸ.ਸ.ਸ.ਸ ਜਾਡਲਾਂ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਇਸ ਦਫਤਰ ਦੇ ਹੁਕਮ ਨੰ 10/08-2018 ਅਮਲਾ3(1) ਮਿਤੀ 19-02-2018 ਰਾਂਹੀ ਦੋਸ਼ ਸੂਚੀ ਜਾਰੀ ਕੀਤੀ ਗਈ ਅਤੇ ਸਰਕਾਰੀ ਸੇਵਾ ਤੋਂ ਮੁਅੱਤਲ ਵੀ ਕੀਤਾ ਗਿਆ ਸੀ , ਕਰਮਚਾਰੀ ਵਲੋਂ ਇਸ ਦੋਸ਼ ਸੂਚੀ ਦਾਜਵਾਬ ਮਿਤੀ 10-04-2018 ਨੂੰ ਦਿੱਤਾ ਗਿਆ , ਕਰਮਚਾਰੀ ਵਲੋਂ ਦਿੱਤੇ ਗਏ ਜਵਾਬ ਦੇ ਸਨਮੁੱਖ ਉਸਨੂੰ ਮਿਤੀ 07-05-2018 ਨੂੰ ਨਿੱਜੀ ਸੁਣਵਾਈ ਦਾ ਮੋਕਾ ਦਿੱਤਾ ਗਿਆ , ਨਿੱਜੀ ਸੁਣਵਾਈ ਸਮੇਂ ਵੀ ਕਰਮਚਾਰੀ ਵਲੋਂ ਮੁੜ ਹੇਠ ਲਿਖੇ ਅਨੁਸਾਰ ਆਪਣੇ ਜਵਾਬ ਨੂੰ ਦੁਹਰਾਇਆ ਗਿਆ ਕਿ:-

1. ਉਸਦਾ ਵਿਆਹ ਸ਼੍ਰੀਮਤੀ ਮਨਵੀਰ ਕੋਰ ਨਾਲ ਮਿਤੀ 14-12-2014 ਨੂੰ ਹੋਇਆ ਸੀ । ਫਿਰ ਉਨ੍ਹਾ ਦੀ ਆਪਸੀ ਸਹਿਮਤੀ ਨਾਲ ਹੀ ਮਿਤੀ 16-08-17 ਨੂੰ ਮਾਨਯੋਗ ਵਧੀਕ ਸੈਸ਼ਨ ਜੱਜ ਲੁਧਿਆਣਾ ਦੀ ਅਦਾਲਤ ਵਿਚ ਉਨ੍ਹਾ ਦਾ ਤਲਾਕ ਹੋ ਗਿਆ । ਉਸਨੇ ਕਿਹਾ ਕਿ ਮਿਤੀ 04-10-07 ਨੂੰ ਉਹ ਸਿਰਫ ਸ.ਸ.ਸ.ਸ ਭੂੰਦੜੀ (ਲੁਧਿਆਣਾ) ਆਪਣੀ ਸਰਵਿਸ ਬੁੱਕ ਪੂਰੀ ਕਰਵਾਉਣ ਦੇ ਮੰਤਵ ਨਾਲ ਹੀ ਸਕੂਲ ਪ੍ਰਿੰਸੀਪਲ ਦੇ ਦਫਤਰ ਗਿਆ ਸੀ ਉਸਨੇ ਉੱਥੇ ਕੁਝ ਵੀ ਨਹੀ ਕਿਹਾ । ਕਰਮਚਾਰੀ ਫਿਰ ਇਹ ਹੀ ਕਹਿ ਰਿਹਾ ਹੈ ਕਿ ਉਸਦਾ ਮਨਵੀਰ ਕੋਰ ਨਾਲ ਕੋਈ ਵਾਸਤਾ ਨਹੀ ਹੈ ਨਾ ਹੀ ਉਹ ਉਸ ਨਾਲ ਕਿਸੇ ਸਪਰੰਕ ਵਿੱਚ ਹੈ । ਉਸਨੇ ਇਹ ਵੀ ਆਸ਼ਵਾਸਨ ਦਿੱਤਾ ਹੈ ਕਿ ਉਸਨੇ ਮਨਵੀਰ ਕੋਰ ਦੀ ਨਿੱਜੀ ਜਿੰਦਗੀ ਵਿੱਚ ਕਦੀ ਵੀ ਦਖਲ ਅੰਦਾਜੀ ਨਾ ਹੀ ਕੀਤੀ ਹੈ ਨਾ ਹੀ ਕਰੇਗਾ , ਜੇਕਰ ਉਹ ਕਰੇਗਾ ਤਾ ਖੁਦ ਕਸੂਰਵਾਰ ਹੋਵੇਗਾ।
2. ਇਸ ਆਸ਼ਵਾਸਨ ਸਬੰਧੀ ਕਰਮਚਾਰੀ ਵਲੋਂ ਹਲਫੀਆ ਬਿਆਨ ਵੀ ਦੇ ਦਿੱਤਾ ਗਿਆ ਅਤੇ ਉਸਨੂੰ ਬਹਾਲ ਕਰਨ ਦੀ ਬੇਨਤੀ ਵੀ ਮੁੜ ਕੀਤੀ ਗਈ ।

ਉਪਰੋਕਤ ਦਰਸਾਈ ਗਈ ਸਥਿਤੀ, ਕਰਮਚਾਰੀ ਵਲੋਂ ਨਿੱਜੀ ਸੁਣਵਾਈ ਸਮੇਂ ਦਿੱਤੇ ਗਏ ਬਿਆਨਾ ਅਤੇ ਉਸ ਵਲੋਂ ਦਿੱਤੇ ਗਏ ਹਲਫੀਆ ਬਿਆਨ ਨੂੰ ਵਿਚਾਰਨ ਉਪਰੰਤ ਕਰਮਚਾਰੀ ਦੇ ਨਾਲ ਹਮਦਰਦੀ ਦਾ ਰਵੱਈਆ ਅਪਣਾਉਂਦੇ ਹੋਏ ਉਸਦੇ ਕੇਸ ਵਿੱਚ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਜਾਂਦੇ ਹਨ :-

(ੳ) ਕਰਮਚਾਰੀ ਨੂੰ ਤਤਕਾਲ ਸਮੇਂ ਤੋਂ ਬਹਾਲ ਕੀਤਾ ਜਾਂਦਾ ਹੈ।

(ਅ) ਕਰਮਚਾਰੀ ਨੂੰ ਜਾਰੀ ਕੀਤੀ ਗਈ ਦੋਸ਼ ਸੂਚੀ ਦਾਖਲ ਦਫਤਰ ਕੀਤੀ ਜਾਂਦੀ ਹੈ।

(ੲ) ਕਰਮਚਾਰੀ ਆਪਣੇ ਮੁਅੱਤਲੀ ਸਮੇਂ ਦੌਰਾਨ ਜੋ ਲਾਭ ਲੈ ਚੁੱਕਾ ਹੈ ਉਸਤੋਂ ਇਲਾਵਾ ਉਸਨੂੰ ਕੁਝ ਵੀ ਨਹੀ ਦਿੱਤਾ ਜਾਣਾ ਹੈ , ਪਰ ਉਸਦਾ ਮੁੱਅਤਲੀ ਸਮਾਂ ਬਾਕੀ ਸਭ ਲਾਭਾ (ਪੈਨਸ਼ਨ ਅਤੇ ਸੀਨੀਆਰਤਾ ) ਲਈ ਕਾਊਂਟ ਕੀਤਾ ਜਾਂਦਾ ਹੈ।

ਪਰਮਜੀਤ ਸਿੰਘ, ਪੀ.ਸੀ.ਐਸ
ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
ਮਿਤੀ ਐਸ.ਏ ਐਸ ਨਗਰ:-11-5-18

ਪਿੱਠ ਅੰਕਣ ਨੰ ਉਕਤ 2018/4208-10

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਸ਼ਹੀਦ ਭਗਤ ਸਿੰਘ ਨਗਰ
2. ਸਬੰਧਤ ਸਕੂਲ ਸਕੂਲ ਮੁੱਖੀ ।
3. ਸਬੰਧਤ ਕਰਮਚਾਰੀ। (ਰਾਂਹੀ ਸਕੂਲ ਮੁੱਖੀ)

11/5/18

ਸਹਾਇਕ ਡਾਇਰੈਕਟਰ(ਸਪ੍-3)

Scanned by CamScanner